4-12-1994

# ਕਲਾ ਦੇ ਝਰੋਖੇ ਤੋਂ

**ਭਾਰਤੀ ਦਰਸ਼ਨ ਵਿਚ ਪਦਾਰਥਵਾਦੀ ਤੱਤ:'** ਇਹ ਬੜੀ ਹੀ ਮਹੱਤਵਪੂਰਨ ਕਿਤਾਬ ਡਾ. ਸੁਰਿੰਦਰ ਸ਼ਾਂਤ ਦੀ ਕਲਮ ਤੋਂ ਆਈ ਹੈ। ਇਹ ਜਨਵਾਦੀ ਪ੍ਰਕਾਸ਼ਨ ਮੰਚ ਗੁਰਦਾਸਪੁਰ ਦੀ ਦੇਣ ਹੈ। ਭਾਰਤੀ ਪਰੰਪਰਾ ਵਿਚਲੇ ਪਦਾਰਥਵਾਦੀ ਖਾਸੇ ਨੂੰ ਉਘੇੜਨਾ ਇਸ ਪੁਸਤਕ ਦਾ ਮੂਲ ਮੰਤਵ ਹੈ। ਲੇਖਕ ਨੇ ਇਸ ਧਾਰਨਾ ਨੂੰ ਚੁਣੌਤੀ ਦਿੱਤੀ ਹੈ ਕਿ ਭਾਰਤੀ ਦਰਸ਼ਨ ਸਿਰਫ ਅਧਿਆਤਮਵਾਦ ਜਾਂ ਰਹੱਸਵਾਦ ਤਕ ਸੀਮਤ ਹੈ ਤੇ ਪਦਾਰਥਵਾਦੀ ਵਿਚਾਰਧਾਰਾ ਸਿਰਫ ਪੱਛਮ ਨਾਲ ਹੀ ਸਬੰਧਤ ਹੈ। ਬਹੁਤ ਸਾਰੇ ਵਿਦਵਾਨ ਜਿਨ੍ਹਾਂ ਵਿਚ ਡਾ. ਰਾਧਾ ਕ੍ਰਿਸ਼ਨਨ ਸ਼ਾਮਲ ਹਨ, ਬੁਨਿਆਦੀ ਤੌਰ 'ਤੇ ਭਾਰਤੀ ਦਰਸ਼ਨ ਨੂੰ ਰਹੱਸਵਾਦ ਆਦਰਸ਼ਵਾਦ ਦਾ ਪ੍ਰਗਟਾਅ ਹੀ ਮੰਨਦੇ ਹਨ। ਇਸ ਦਾ ਕਾਰਨ ਹੈ ਕਿ ਉਹ ਆਪ ਤਹਿ-ਦਿਲ ਤੋਂ ਧਾਰਮਿਕ ਬਿਰਤੀ ਦੇ ਧਾਰਨੀ ਹਨ। ਦੂਜੇ ਪਾਸੇ ਭਾਰਤੀ ਰਾਜ-ਭਾਗ ਉਤੇ ਕਾਬਜ਼ ਜਮਾਤਾਂ ਦੀ ਵੀ ਇਹ ਪੂਰੀ ਕੋਸ਼ਿਸ਼ ਰਹੀ ਹੈ ਕਿ ਲੋਕਾਂ ਨੂੰ ਅਜਿਹੀ ਵਿਚਾਰਧਾਰਾ ਵਿਚ ਉਲਝਾ ਕੇ ਰੱਖਿਆ ਜਾਏ, ਜਿਹੜੀ ਸਾਰਾ ਕੁਝ ਪ੍ਰਮਾਤਮਾ ਉਤੇ ਸੁੱਟ ਦੇਵੇ ਅਤੇ ਲੁੱਟ-ਖਸੁੱਟ, ਗਰੀਬੀ ਆਦਿ ਨੂੰ ਪਿਛਲੇ ਜਨਮਾਂ ਦੀ ਦੇਣ ਕਹਿ ਕੇ ਮਾਨਤਾ ਦੇਵੇ।

ਲੇਖਕ ਦੀ ਧਾਰਨਾ ਹੈ ਕਿ ਭਾਰਤੀ ਦਰਸ਼ਨ ਦਾ ਵਿਸ਼ਲੇਸ਼ਣ ਅਤੇ ਉਹਦੀ ਤਾਰਕਿਕਤਾ ਇਹ ਸਾਬਤ ਕਰਦੀ ਹੈ ਕਿ ਪਦਾਰਥਵਾਦ ਭਾਰਤੀ ਦਰਸ਼ਨ ਦੀ ਇਕ ਬੁਨਿਆਦੀ ਵਿਚਾਰਧਾਰਾ ਹੈ। ਸੰਸਾਰ ਉਤਪਤੀ ਸਮੇਂ ਮਨੁੱਖ ਨੇ ਸਭ ਤੋਂ ਪਹਿਲਾਂ ਸੁੱਖਾਂ ਦੀ ਤ੍ਰਿਪਤੀ ਲਈ ਸੰਘਰਸ਼ ਕੀਤਾ। ਜੀਵਨ ਦੀਆਂ ਬੁਨਿਆਦੀ ਲੋੜਾਂ ਪਿੱਛੋਂ ਹੀ ਉਹ ਕਿਸੇ ਹੋਰ ਵਾਦ ਜਾਂ ਵਿਚਾਰਧਾਰਾ ਵੱਲ ਝੁਕਦਾ ਹੈ। ਅਧਿਆਤਮਕ ਅਤੇ ਰਹੱਸਵਾਦ ਵਿਚਾਰਾਂ ਦਾ ਪ੍ਰਗਟਾਅ ਵੀ ਪਦਾਰਥਕ ਧਾਰਨਾਵਾਂ ਰਾਹੀਂ ਹੀ ਕੀਤਾ ਗਿਆ ਹੈ। ਜਿਵੇਂ, ''ਹੇ ਪਰਮਾਤਮਾ ਤੇਰੀ ਰੋਸ਼ਨੀ ਹਜ਼ਾਰਾਂ ਸੂਰਜਾਂ ਤੋਂ ਵੀ ਵਧੇਰੇ ਹੈ।'', ''ਤੂੰ ਬਾਦਸ਼ਾਹਾਂ ਦਾ ਬਾਦਸ਼ਾਹ ਹੈ'' ...ਇਤਿਆਦ। ਸਪਸ਼ਟ ਹੈ ਕਿ ਰੋਸ਼ਨੀ ਅਤੇ ਬਾਦਸ਼ਾਹ (ਪਦਾਰਥਵਾਦ) ਦੀ ਧਾਰਨਾ ਸਰਵਉਚ ਰੋਸ਼ਨੀ ਤੇ ਸਰਵਉਚ ਬਾਦਸ਼ਾਹ (ਰਹੱਸਵਾਦ) ਤੋਂ ਪਹਿਲਾਂ ਮੌਜੂਦ ਸੀ।

ਲੇਖਕ ਨੇ ਬਹੁਤ ਸਪਸ਼ਟਤਾ ਨਾਲ ਭਾਰਤੀ ਪਰੰਪਰਾ ਵਿਚ ਨੈਤਿਕਤਾ ਦਾ ਸੰਕਲਪ ਉਭਾਰਿਆ ਹੈ। ਨੈਤਿਕਤਾ ਜਾਂ ਸਮਾਜਿਕ ਕਦਰਾਂ ਕੀਮਤਾਂ ਦੀ ਤਬਦੀਲੀ ਦਾ ਆਪਣਾ ਇਕ ਇਤਿਹਾਸ ਹੈ। ਵੇਦਾਂ, ਉਪਨਿਸ਼ਦਾਂ, ਜੈਨ ਮਤ, ਬੁੱਧ ਮਤ, ਭਗਤੀ ਲਹਿਰ ਆਦਿ ਦੇ ਅਸਰ ਥੱਲੇ ਸਮਾਜਿਕ ਨੈਤਿਕਤਾ ਕਿਸ ਤਰ੍ਹਾਂ ਬਦਲਦੀ ਰਹੀ, ਇਸ ਕਿਤਾਬ ਵਿਚ ਇਸ ਦਾ ਦਿਲਚਸਪ ਵਿਸਥਾਰ ਹੈ। ਸੱਚ ਬੋਲਣਾ, ਇਮਾਨਦਾਰੀ, ਅਹਿੰਸਾ, ਵਿਸ਼ਵਾਸ, ਲਿੰਗ ਪਵਿੱਤਰਤਾ, ਦਾਨ ਕਰਨ ਆਦਿ ਦੇ ਸੰਕਲਪਾਂ ਦੀ ਹੋਂਦ ਬਦਲਣੀਆਂ ਪ੍ਰਸਥਿਤੀਆਂ ਦੇ ਅਨੁਸਾਰ ਹੀ ਬਦਲਦੀਆਂ ਹਨ। ਇਸ ਕਿਤਾਬ ਦਾ ਅਧਿਐਨ ਲੇਖਕ ਦੀ ਭਾਰਤੀ ਦਰਸ਼ਨ ਬਾਰੇ ਸਾਫ ਦ੍ਰਿਸ਼ਟੀ ਰੂਪਮਾਨ ਕਰਦੀ ਹੈ। ਸੌਖੇ ਤਰੀਕੇ ਨਾਲ ਅਤੇ ਆਮ ਲੋਕਾਂ ਦੀ ਸਮਝ ਆਉਣ ਵਾਲੀ ਬੋਲੀ ਵਿਚ ਜਿਸ ਤਰ੍ਹਾਂ ਦਰਸ਼ਨ ਦੇ ਔਖੇ ਵਿਸ਼ੇ ਨੂੰ ਇਸ ਕਿਤਾਬ ਵਿਚ ਬਿਆਨ ਕੀਤਾ ਗਿਆ ਹੈ, ਇਹ ਲੇਖਕ ਦੀ ਵੀ ਪ੍ਰਾਪਤੀ ਹੈ ਅਤੇ ਪੰਜਾਬੀ ਸਾਹਿਤ ਦੀ ਵੀ ਪ੍ਰਾਪਤੀ ਹੈ। ਤਰਕਸ਼ੀਲਤਾ ਦੀ ਲਹਿਰ ਦੇ ਸਾਹਿਤ ਵਿਚ ਇਹ ਕਿਤਾਬ ਇਕ ਨਿੱਗਰ ਵਾਧਾ ਹੈ। ਇਹੋ ਜਿਹੀਆਂ ਕਿਤਾਬਾਂ ਹੀ ਕਿਸੇ ਬੋਲੀ ਦੇ ਸਾਹਿਤ ਨੂੰ ਅਮੀਰ ਬਣਾਉਂਦੀਆਂ ਹਨ।...

**ਨਾਟਕ 'ਸੁਖੀ ਬਸੈ ਮਸਕੀਨੀਆ':** ਗੁਰੂ ਨਾਨਕ ਖਾਲਸਾ ਕਾਲਜ ਫਗਵਾੜਾ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ 'ਤੇ ਲੜੀਵਾਰ ਸਮਾਗਮਾਂ ਵਿਚੋਂ ਇਕ ਸਮਾਗਮ ਵਿਚ ਨਾਟਕ 'ਸੁੱਖੀ ਬਸੈ ਮਸਨੀਕੀਆ' ਕੀਤਾ ਗਿਆ। ਗੁਰੂ ਨਾਨਕ ਜੀ ਦੀ ਦੱਸੀ ਜੀਵਨ ਜਾਚ ਨੂੰ ਆਧੁਨਿਕ ਯੁੱਗ ਦੇ ਸੰਦਰਭ ਵਿਚ ਇਸ ਨਾਟਕ ਵਿਚ ਵਿਖਾਇਆ ਗਿਆ ਹੈ ਅਤੇ ਇਕ ਸ਼ਕਤੀਸ਼ਾਲੀ ਸੰਵਾਦ ਰਚਾਇਆ ਗਿਆ ਹੈ। ਇਹ ਨਾਟਕ ਤਿੰਨ ਪੀੜ੍ਹੀਆਂ ਦੀ ਕਹਾਣੀ ਹੈ। ਦਾਦਾ ਜੀ ਇਕ ਰਿਟਾਇਰਡ ਸਕੂਲ ਮਾਸਟਰ ਹਨ। ਉਹ ਸਦਾਚਾਰ ਵਾਲੀ ਜੀਵਨ ਜਾਚ ਦੇ ਧਾਰਨੀ ਹਨ ਤੇ ਉਨ੍ਹਾਂ ਦੀ ਪ੍ਰੇਰਨਾ ਸਰੋਤ ਗੁਰਬਾਣੀ ਦੀ ਇਹ ਤੁੱਕ ਹੈ – 'ਸੁਖੀ ਬਸੈ ਮਸਕੀਨੀਆ ਆਪ ਨਿਵਾਰ ਤਲੈ, ਬਡੇ ਬਡੇ ਅਹੰਕਾਰੀਆ, ਨਾਨਕੁ ਗਰਬਿ ਗਲੈ' – ਉਨ੍ਹਾਂ ਦਾ 45-50 ਸਾਲ ਦੀ ਉਮਰ ਦਾ ਬੇਟਾ ਜੋ ਕਿ ਇਕ ਨੌਜਵਾਨ ਦਾ ਪਿਤਾ ਵੀ ਹੈ, ਆਜ਼ਾਦੀ ਦੇ ਬਾਅਦ ਦੀ ਮੌਕਾਪ੍ਰਸਤ ਕਲਚਰ ਦੀ ਦੇਣ ਹੈ ਜਿਸ ਵਿਚ ਹਰ ਕਿਸਮ ਦਾ ਭ੍ਰਿਸ਼ਟਾਚਾਰ ਜੀਵਨ ਦਾ ਇਕ ਹਿੱਸਾ ਹੈ। ਇਨ੍ਹਾਂ ਦੋ ਸੋਚਾਂ ਦੇ ਵਾਤਾਵਰਣ ਵਿਚ ਉਹ ਨੌਜਵਾਨ ਵੱਡਾ ਹੋਇਆ ਹੈ। ਉਹ ਪਹਿਲਾ ਤਾਂ ਪਿਤਾ ਦੇ ਅਸਰ ਨੂੰ ਕਬੂਲਦਾ ਹੈ ਤੇ ਚੋਰ ਬੋਝਿਆਂ ਵਾਲੀ ਸਮਗਲਿੰਗ ਵਾਸਤੇ ਵਰਤੀ ਜਾਂਦੀ ਵਾਸਕਟ ਪਾ ਕੇ ਇਮਤਿਹਾਨ ਵਿਚ ਨਕਲ ਮਾਰਦਾ ਹੈ। ਬਾਅਦ ਵਿਚ ਉਹ ਦਾਦਾ ਜੀ ਦੇ ਅਸਰ ਨੂੰ ਕਬੂਲਦਾ ਹੈ ਤੇ ਸਮਝਦਾ ਹੈ ਕਿ ਜੀਵਨ ਨੂੰ ਅਣਖ ਵਾਲੇ ਬੰਦਿਆਂ ਦੇ ਜੀਣ ਦੇ ਕਾਬਲ ਬਣਾਉਣ ਲਈ ਆਦਰਸ਼ਵਾਦ ਨੂੰ ਵੀ ਅਪਨਾਉਣਾ ਪਵੇਗਾ ਤੇ ਨਾਲ ਸੰਘਰਸ਼ ਵੀ ਕਰਨਾ ਪਵੇਗਾ। ਤਿੰਨ ਪੀੜ੍ਹੀਆਂ ਦੇ ਇਸ ਟੱਬਰ ਦੀ ਕਹਾਣੀ ਵਿਚ ਪਿਤਾ ਜਦੋਂ ਮੰਤਰੀ ਮੰਡਲ ਦਾ ਮੈਂਬਰ ਬਣਦਾ ਹੈ, ਉਦੋਂ ਪੁੱਤਰ ਸੰਘਰਸ਼ ਕਰਦਾ ਹੋਇਆ ਸ਼ਹਾਦਤ ਦੇ ਪੜਾਅ 'ਤੇ ਪੁੱਜ ਜਾਂਦਾ ਹੈ।

ਇਸ ਨਾਟਕ ਵਿਚ ਆਦਰਸ਼ਕ ਜੀਵਨ ਫਲਸਫੇ ਨੂੰ ਆਧੁਨਿਕ ਯਥਾਰਥ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਇਕ ਬਜ਼ੁਰਗ ਦਰਸ਼ਕ ਦੀ ਇਹ ਟਿੱਪਣੀ ਸੀ ਕਿ ਅੱਜ ਸਿਰਫ ਸਾਖੀਆਂ ਦੀ ਪੇਸ਼ਕਸ਼ ਕਾਫੀ ਨਹੀਂ। ਗੁਰਬਾਣੀ ਦੇ ਫਲਸਫੇ ਨੂੰ ਅੱਜ ਦੇ ਵਿਗਿਆਨਕ ਯੁੱਗ ਵਿਚ ਇਸ ਯੁੱਗ ਦੇ ਮੁਹਾਵਰੇ ਵਿਚ ਪੇਸ਼ ਕਰਨਾ ਜ਼ਰੂਰੀ ਹੈ। ਜੇਕਰ ਨੌਜਵਾਨ ਪੀੜ੍ਹੀ ਕਿਸੇ ਗਲਤ ਰਾਹ ਨੂੰ ਅਪਣਾਉਂਦੀ ਹੈ ਤਾਂ ਮਾਪੇ ਉਸ ਕਸੂਰ ਤੋਂ ਬਰੀ ਨਹੀਂ ਕੀਤੇ ਜਾ ਸਕਦੇ। ਅੱਜ ਜਦੋਂ ਕੈਸੇਟ ਕਲਚਰ ਦੀ ਸਾਰੇ ਪਾਸੇ ਪ੍ਰਧਾਨਤਾ ਹੈ, ਇਹੋ ਜਿਹੇ ਨਾਟਕ ਚੰਗੀ ਜੀਵਨ ਜਾਚ ਲਈ ਇਕ ਆਸ ਬਣਦੇ ਹਨ।

**ਸੁਰਜੀਤ ਜੱਜ ਦੀ ਇਕ ਗ਼ਜ਼ਲ ਦੇ ਦੋ ਹਾਸਲ ਸ਼ਿਅਰ**

ਚਿੱਟੇ ਸਫਿਆਂ ਦੇ ਪਿੰਡੇ 'ਤੇ ਕਾਲੇ ਅੱਖਰ
ਸਿਸਕ ਰਹੇ ਨੇ,
ਸ਼ੀਸ਼ੇ ਦੇ ਘਰ ਦੀ ਸਰਦਲ 'ਤੇ ਗੂੰਗੇ ਪੱਥਰ
ਸਿਸਕ ਰਹੇ ਨੇ।

**ਗੁਰਸ਼ਰਨ ਸਿੰਘ**

4.12-94